# ANGEL'S PUBLIC SCHOOL

Strive for Perfection

# SAMPLE PAPER

**HALF YEARLY EXAM SESSION 20225 – 26**

**TIME: 3 HRS CLASS – X SUBJECT : PUNJABI M.M:80**

**ਹੇਠ ਲਿਖੇ ਨਿਰਦੇਸ਼ਾ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :-** (10)

**ਭਾਗ - ੳ (ਪੜ੍ਹਨ - ਕੌਸ਼ਲ)**

**(1) ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-** (7)

) ਹੇਠ ਲਿਖਿਆ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।

ਲੜਾਈ ਦਾ ਮੁੱਢ ਮਨੁੱਖ ਦੇ ਧਰਤੀ ਉੱਤੇ ਆਉਣ ਨਾਲ ਹੀ ਬੱਝ ਗਿਆ। ਪਹਿਲਾਂ ਲੜਾਈ ਦਾ ਮੁੱਖ ਕਾਰਨ ਆਪਣੀ ਮਲਕੀਅਤ ਵਿੱਚ ਵਾਧਾ ਕਰਨਾ ਸੀ। ਜਦੋਂ ਮਨੁੱਖ ਨੂੰ ਆਪਣੇ ਹੱਕਾਂ ਦੀ ਸੋਝੀ ਹੋ ਗਈ ਤਾਂ ਉਹ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਵੀ ਲੜਨ ਲੱਗਾ। ਸੰਸਾਰ ਵਿੱਚ ਸੱਭਿਅਤਾ ਦੇ ਵਿਕਾਸ ਨਾਲ ਕਾਨੂੰਨ ਇਸ ਕਰਕੇ ਬਣਾਏ ਗਏ ਤਾਂ ਜੋ ਲੜਾਈ-ਝਗੜੇ ਨੂੰ ਰੋਕਿਆ ਜਾਵੇ। ਦੁਨੀਆਂ ਵਿੱਚ ਧਰਮ ਦੇ ਪੈਰੋਕਾਰਾਂ ਨੇ ਵੀ ਆਪਸ ਵਿੱਚ ਮਿਲ ਕੇ ਰਹਿਣ ਲਈ ਕਿਹਾ। ਸ਼ਾਂਤੀ ਦਾ ਉਪਦੇਸ਼ ਦਿੱਤਾ। ਫਿਰ ਵੀ ਕਈ ਲੜਾਈਆ ਧਰਮ ਦੇ ਨਾਮ ਉੱਤੇ ਹੋਈਆਂ। ਸਭ ਤੋਂ ਭਿਆਨਕ ਅਤੇ ਵਿਸ਼ਵ ਪੱਧਰ ਦੀਆਂ ਦੋ ਲੜਾਈਆਂ ਵੀਹਵੀਂ ਸਦੀ ਵਿੱਚ ਹੋਈਆਂ। ਦੂਜੇ ਵਿਸ਼ਵ ਯੁੱਧ ਵਿੱਚ ਪਹਿਲੀ ਵਾਰ ਐਟਮੀ ਬੰਬਾਂ ਦੀ ਵਰਤੋਂ ਹੋਈ ਜਿਸ ਨਾਲ ਜਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਬੁਰੀ ਤਰ੍ਹਾਂ ਤਬਾਹ ਹੋ ਗਏ। ਇਸ ਤਬਾਹੀ ਨੂੰ ਵੇਖਦਿਆਂ ਸੰਸਾਰ ਦੇ ਬਹੁਤੇ ਦੇਸ਼ਾਂ ਨੇ ਫ਼ੈਸਲਾ ਕੀਤਾ ਕਿ ਵਿਸ਼ਵ ਪੱਧਰ ਉੱਤੇ ਅਜਿਹੀ ਸੰਸਥਾ ਬਣਾਈ ਜਾਵੇ ਜਿਹੜੀ ਲੜਾਈਆਂ ਨੂੰ ਰੋਕ ਸਕੇ। ਇਸ ਸੰਸਥਾ ਦਾ ਨਾਮ ਸੰਯੁਕਤ ਰਾਸ਼ਟਰ ਸੰਘ (ਯੂ.ਐਨ.ਓ.) ਰੱਖਿਆ ਗਿਆ। ਇਸ ਸੰਸਥਾ ਨੇ 1981 ਈ: ਵਿੱਚ ਆਪਣੇ ਆਮ ਇਜਲਾਸ ਵਿੱਚ ਇਹ ਫ਼ੈਸਲਾ ਕੀਤਾ ਕਿ ਹਰ ਸਤੰਬਰ ਦੇ ਤੀਜੇ ਮੰਗਲਵਾਰ ਨੂੰ ਅੰਤਰਰਾਸ਼ਟਰੀ ਅਮਨ ਦਿਵਸ ਵਜੋਂ ਮਨਾਇਆ ਜਾਵੇ।

ਪ੍ਰਸ਼ਨ 1. ਮਨੁੱਖਾਂ ਵਿੱਚ ਪਹਿਲਾਂ ਲੜਾਈ ਦਾ ਕੀ ਕਾਰਨ ਸੀ ?

ਪ੍ਰਸ਼ਨ 2. ਸੱਭਿਅਤਾ ਦੇ ਵਿਕਾਸ ਨਾਲ ਕਾਨੂੰਨ ਕਿਉਂ ਬਣਾਏ ਗਏ ?

ਪ੍ਰਸ਼ਨ 3. ਧਰਮ ਦੇ ਪੈਰੋਕਾਰਾਂ ਨੇ ਕੀ ਉਪਦੇਸ਼ ਦਿੱਤੇ ?

ਪ੍ਰਸ਼ਨ 4. ਪਹਿਲੀ ਵਾਰ ਐਟਮੀ ਬੰਬ ਦੀ ਵਰਤੋਂ ਕਦੋਂ ਕੀਤੀ ਗਈ ?

ਪ੍ਰਸ਼ਨ 5. ਸੰਯੁਕਤ ਰਾਸ਼ਟਰ ਸੰਘ ਨੇ ਕਿਹੜੇ ਦਿਨ ਨੂੰ ਅਮਨ-ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਕੀਤਾ ?

**(2) ਹੇਠਾਂ ਦਿੱਤੀ ਕਾਵਿ - ਟੁਕੜੀ ਨੂੰ ਪੜ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ ।** (3)

ਜਨਿਆਵਾਲੇ ਬਾਗ ਤੇਰੇ ਦੀ
ਅੱਜ ਦੀ ਅਰਮ ਕਹਾਣੀ
'ਕਾਮਾਗਾਟਾ ਮਾਰੂ' ਤੇਰੇ ਅੱਗ ਲਾਈ ਵਿੱਚ ਪਾਣੀ ।
ਚੰਡੀ ਬਣ ਕੇ ਰਣ ਵਿੱਚ ਜੂਝੀ,
ਤੇਰੀ ਝਾਂਸੀ ਰਾਣੀ ।
ਜੈ ਭਾਰਤ, ਜੈ ਭਾਰਤ ਮਾਤਾ ।

**(ੳ)** ਕਿਸ ਦੀ ਅੱਜ ਵੀ ਅਮਰ ਕਹਾਣੀ ਹੈ ?

**(ਅ)** ਰਣ ਦੇ ਮੈਦਾਨ ਵਿੱਚ ਚੰਡੀ ਬਣ ਕੇ ਕੌਣ ਲੜੀ ?

**(ੲ)** ਰਣ 'ਅਤੇ' ਚੰਡੀ ਸ਼ਬਦਾਂ ਦੇ ਅਰਥ ਲਿਖੋ ।

**ਭਾਗ - ਅ (ਵਿਆਕਰਨ)** **(20)**

**(3) ਸਮਾਸੀ ਸ਼ਬਦ :-** (4x1=4)

**(ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋ ਕੋਈ ਚਾਰ ਕਰੋ )**

**(ੳ)** ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਦੁਹਰਾਵੇਂ ਸਮਾਸੀ ਦਾ ਹੈ ।

(1) ਰਸ ਨਾਲ ਭਰੀ (2) ਰਸ ਦੀ ਭਰੀ (3) ਰਸ - ਰਸ

**(ਅ)** ਹੇਠ ਲਿਖਿਆ ਵਿੱਚੋਂ ਵਿਰੋਧਾਰਥਕ ਸਮਾਸੀ ਸ਼ਬਦ ਚੁਣੋ :-

(1) ਇੱਕ - ਮਿੱਕ (2) ਚੋਰੀ - ਛਿਪੇ (3) ਸਵੇਰੇ - ਰਾਤ

**(ੲ)** ਜੰਞ ਏਤ ਘਰ ਤੋ ਕਿਹੜਾ ਸਮਾਮੀ ਸ਼ਬਦ ਬਣੇਗਾ ।

(1) ਜੰਞ ਵਾਲਾ ਘਰ (2) ਜੰਞ ਦਾ ਘਰ (3) ਜੰਞ - ਘਰ

**(ਸ)** ਸਮਾਸੀ ਸ਼ਬਦ ਕਿਹੜਾ ਹੈ ?

(1) ਕਾਰ (2) ਸਰਮੋਂ (3) ਲੋਕ - ਰਾਜ

**(ਹ)** ਸਹੀ ਸਮਾਸੀ ਸ਼ਬਦ ਚੁਣੋ :-

(1) ਮਾਤਾ - ਪਿਤਾ (2) ਲੀੜਾ - ਲੱਤਾ (3) ਕੌਮ - ਰਾਜ

**(4) ਬਹੁ - ਆਰਥਕ ਸ਼ਬਦ :- (ਕੋਈ ਚਾਰ ਕਰੋ)** (4x1=4)

**(ੳ)** 'ਲਗਨ' ਸ਼ਬਦ ਤੋ ਬਹੁਆਥਕ ਸ਼ਬਦ ਚੁਣੋ :-

(1) ਜੰਗਲ (2) ਪ੍ਰੀਤ (3) ਲਗਾਨ

**(ਅ)** 'ਕੱਚਾ' ਸ਼ਬਦ ਦਾ ਬਹੁ - ਆਰਥਕ ਸ਼ਬਦ ਚੁਣੋ :-

(1) ਕਟੌੜੀ (2) ਆਰਜੀ (3) ਪੂਰਾ

**(ੲ)** 'ਸਿੱਟਾ' ਸ਼ਬਦ ਦੇ ਬਹੁ - ਆਰਥਕ ਸ਼ਬਦ ਚੁਣੋ ।

(1) ਨਿਚੌੜ ਨਤੀਜਾ (2) ਸਰ, ਅਕਲ (3) ਸੰਖੇਪ ਸੰਘ

**(ਸ)** ਸੂਈ ਸ਼ਬਦ ਦਾ ਇੱਕ ਅਰਥ ਹੈ - ਕੱਪੜੇ ਸੀਉਣ ਵਾਲ਼ੀ ਇਸ ਦਾ ਦੂਜਾ ਅਰਥ ਚੁਣੋ :-

(1) ਛੋਟੀ ਨਦੀ (2) ਘੜੀ ਦੀ ਸੂਈ (3) ਕੰਨ ਦਾ ਗਹਿਣਾ

**(ਹ)** ਉੱਤਰ ਦਾ ਇੱਕ ਅਰਥ ਹੈ - ਜਵਾਬ ਦੂਜਾ ਅਰਥ ਚੁਣੋ :-

(1) ਹੇਠਾਂ ਉਤਰਨਾ (2) ਦਿਸ਼ਾ (3) ਪੜ੍ਹਨਾ

**(5) ਕਿਰਿਆ ਵਿਸ਼ੇਸ਼ਣ :- (ਕੋਈ ਚਾਰ ਕਰੋ )** (4x1=4)

**(ੳ)** ਗੁਰਮੀਤ ਕੋਲ਼ ਪੰਜ ਕਿਤਾਬਾਂ ਹਨ । ਕਿਰਿਆ ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ ?

(1) ਸਥਾਨ - ਵਾਚਕ (2) ਸੰਖਿਆਂ - ਵਾਚਕ (3) ਪ੍ਰਕਾਰ ਵਾਚਕ

**(ਅ)** ਤੁਸੀਂ ਸਾਈਕਲ ਤੇਂਜ ਚਲਾਉਂਦੇ ਹੋ। ਕਿਹੜੀ ਪ੍ਰਕਾਰ ਹੈ ?

(1) ਪ੍ਰਕਾਰ ਵਾਚਕ (2) ਪਰਿਮਾਣ ਵਾਚਕ (3) ਨਿਰਵਾ - ਵਾਚਕ

**(ੲ)** 'ਕਿਰਿਆ ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦ ਹਨ ?

(1) ਤਿੰਨ (2) ਅੱਠ (3) ਪੰਜ

**(ਸ)** ਜਿੱਧਰ ਗਈਆਂ ਬੇੜੀਆਂ ਉੱਧਰ ਗਏ ਮਾਲਹ । ਕਿਰਿਆ ਵਿਸ਼ੇਸ਼ਣ ਦੀ ਪ੍ਰਕਾਰ ਚੁਣੋ :-

(1) ਸਥਾਨ - ਵਾਚਕ (2) ਕਾਲ - ਵਾਚਕ (3) ਪ੍ਰਕਾਰ - ਵਾਚਕ

**(ਹ)** ਕਿਰਿਆ - ਵਿਸ਼ੇਸ਼ਣ ਦੀਆਂ ਕਿੰਨੀਆਂ ਅਵਸਥਾਵਾਂ ਹਨ ?

(1) ਇੱਕ (2) ਦੋ (3) ਤਿੰਨ

**(6) ਅਗੇਤਰ - ਪਿਛੇਤਰ (ਪੁੱਛੇ ਗਏ ਅਨੁਸਾਰ ਹਨ ਕਰੋ )** (2+2=4)

(ੳ) ਹੇਠ ਲਿਖਿਆ ਵਿੱਚੋਂ ਕਿਸੇ ਦੋ ਅਗੇਤਰਾਂ ਦੇ ਦੋ - ਦੋ ਸ਼ਬਦ ਬਣਾਓ - ਔ, ਅਪ, ਉਸ

(ਅ) ਹੇਠ ਲਿਖਿਆਂ ਵਿੱਚੋਂ ਕਿਸੇ ਦੋ ਪਿਛੇਤਰਾ ਦੇ ਦੋ - ਦੋ ਸ਼ਬਦ ਬਣਾਓ :-

(1) ਉਟ (2) ਅਕਾਰ (3) ਆਲ

**(7) ਹੇਠ ਲਿਖਿਆਂ ਵਿੱਚੋਂ ਕਿਸੇ ਦੋ ਪਿਛੇਤਰਾਂ ਦੇ ਅਰਥ ਲਿਖ ਕੇ ਵਾਕ ਬਣਾਓ -** (4x1=4)

**(ੳ)** ਖੰਡ - ਖੀਰ ਹੋਣਾ **(ਅ)** ਗਾਹ ਪਾਉਣਾ **(ੲ)** ਖ਼ਬਰ ਲੈਣਾ

**(ਸ)** ਕਲੇਜਾ ਕੰਬ ਜਾਣਾ **(ਹ)** ਖ਼ੂਨ ਸਫ਼ੈਦ ਹੋਣਾ

**(ਪ੍ਰਭਾਵਸ਼ਾਲੀ ਲਿਖਣ - ਕੋਸ਼ਲ)** **(20)**

**(8) ਪਾਣੀ ਦੀ ਮੱਹਤਤਾ ਅਤੇ ਸੰਭਾਲ ਉੱਪਰ ਚਰਚਾ ਕਰੋ ।** (8)

ਨੁਕਤੇ :- ਭੂਮਿਕਾ, ਪਾਣੀ ਦਾ ਸਾਧਨ, ਵਰਖਾ ਦਾ ਪਾਣੀ, ਧਰਤੀ ਹੇਠਲਾ ਪਾਣੀ, ਸਮੁੰਦਰਾ - ਨਦੀਆਂ ਦਾ ਪਾਣੀ ਸਾਰਾਂਸ

**ਜਾਂ**

ਸਵੇਰ ਦੀ ਸੈਰ :-

ਨੁਕਤੇ :- ਭੂਮਿਕਾ, ਸਵੇਰੇ ਵੇਲ਼ੇ ਵਾਤਾਵਰਨ, ਸਰੀਰ ਲਈ ਲਾਭਦਾਇਕ, ਸਵੇਰ ਦੀ ਸੈਰ ਦੇ ਲਾਭ, ਮਿੱਟਾ)

ਣ

**(9) ਤੁਹਾਡਾ ਕੀਮਤੀ 'ਪਰਸ, ਚੋਰੀ ਹੋ ਗਿਆ ਹੈਆਪਣੇ ਇਲਾਕੇ ਦੇ ਥਾਣੇ ਵਿੱਚ ਪਰਸ ਚੋਰੀ ਹੋਣ ਦੀ ਰਿਪੋਰਟ ਲਿਖਵਾਓ ।** (7)

ਨੁਕਤੇ - ਵਿਸ਼ਾ, ਮਿਤੀ ਪਰਸ ਦੀ ਭਾਲ ਕਰਨੀ, ਜਲਦੀ ਲੱਭਣ ਦੀ ਕਿਰਪਾਲਤਾ ਕਰਨੀ ।

**ਜਾਂ**

ਆਪਣੇ ਪਿਤਾ ਜੀ ਨੂੰ ਨਵੇਂ ਮੋਬਾਈਲ ਫੋਨ ਲਈ ਧੰਨਵਾਦ ਪੱਤਰ ਲਿਖੋ । ਜਿਸ ਵਿੱਚ ਉਸ ਬਾਰੇ ਪੂਰੀ ਜਾਣਕਾਰੀ ਵੀ ਦਿਓ ।

ਨੁਕਤੇ :- ਮੋਬਾਈਲ ਦੀ ਜਰੂਰਤ, ਮੋਬਾਈਲ ਦੇ ਫ਼ਾਇਦੇ, ਮੋਬਾਈਲ ਲਈ ਧੰਨਵਾਦ ।

**(10) ਹੇਠਾਂ ਦਿੱਤੇ ਚਿੱਤਰ ਨੂੰ ਧਿਆਨ ਨਾਲ਼ ਵੇਖੋ । ਉਸ ਬਾਰੇ 50 - 60 ਸ਼ਬਦ ਵਿੱਚ ਲਿਖੋ ।** (5)

**ਭਾਗ - ਸ ਪਾਠ - ਪੁਸਤਕ** **(30)**

**(11) ਕਵਿਤਾ ਤੇ ਇੱਕਾਂਗੀ (ਕੋਈ ਪੰਜ ਪ੍ਰਸ਼ਨਾਂ ਦੇ ਉਤਰ ਇੱਕ ਸ਼ਬਦ ਵਿੱਚ ਦਿਓ) :-** (5x1=5)

**(ੳ)** 'ਭੰਡ' ਸ਼ਬਦ ਕਿਸ ਲਈ ਵਰਤਿਆਂ ਗਿਆ ਹੈ ?
**(ਅ)** ਔਰੰਗਜੇਬ ਕੌਣ ਸੀ ?
**(ੲ)** ਜਫਰਨਾਮੇ ਤੋਂ ਕੀ ਭਾਵ ਹੈ ?
**(ਸ)** ਕਿਸ ਦੀ ਕਿਰਪਾ ਨਾਲ ਪ੍ਰਭੂ ਮਿਲਣਾ ਹੈ ?
**(ਹ)** ਜੀਨਤ - ਉਨ ਨਿਸਾ ਕੌਣ ਸੀ ?
**(ਕ)** ਸੋ ਕਿਤ ਮੰਦਾ ਆਖੀਐ ਦਾ ਮੁੱਖ ਵਿਸ਼ਾ ਕੀ ਹੈ ?

**(12) ਕਹਾਣੀ ਤੇ ਇਕਾਂਗੀ ਵਿੱਚੋ (ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸੰਬਦਾਂ ਵਿੱਚ ਦਿਓ) ।** (2x4=8)

**(ੳ)** ਜਫ਼ਰਨਾਮਾ ਇਕਾਂਗੀ ਦੇ ਅਧਾਰ ਤੇ ਜੀਨਤ - ਉਨ ਨਿਸਾ ਬਾਰੇ ਜਾਣਕਾਰੀ ਦਿਓ ।
**(ਅ)** ਕਹਾਣੀ ਅੰਗ - ਸੰਗ ਵਿੱਚ ਕਿਹੜੀ ਘਟਨਾ ਵਾਪਰੀ ਜਿਸ ਨੂੰ ਹਨੇਰੇ ਵਾਤਾਵਰਨ ਬਣ ਗਿਆ ।
**(ੲ)** ਜਫ਼ਰਨਾਮੇ ਤੋਂ ਕੀ ਭਾਵ ਹੈ ਪੂਰੀ ਜਾਣਕਾਰੀ ਦਿਓ ।
**(ਸ)** ਕਰਤਾਰ ਸਿੰਘ ਕੌਣ ਸੀ ? ਉਹ ਛੋਟੀ ਉਮਰੇ ਦੁਨੀਆਂ ਤੋਂ ਕਿਓਂ ਭੁਰ ਗਿਆ ?
**(ਹ)** ਜਫ਼ਰਨਾਮਾ ਇਕਾਂਗੀ ਦਾ ਢੁੱਕਵਾ ਸਿਰਲੇਖ ਲਿੱਖੋ ।

**(13) ਕਵਿਤਾ ਤੇ ਵਾਰਤਕ ਵਿੱਚੋਂ ( ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 - 60 ਸ਼ਬਦਾਂ ਵਿੱਚ ਦਿਓ :- (ਕੋਈ ਦੋ ਕਰੋ )** (2x4=8)

**(ੳ)** ਤੂੰ ਮੇਰਾ ਪਿਤਾ ਤੂੰ ਹੀ ਮੇਰੀ ਮਾਤਾ ਸ਼ਬਦ ਦਾ ਕੇਂਦਰੀ ਭਾਵ ਲਿਖੋ ।
**(ਅ)** ਬੋਲੀ ਲੇਖ ਬਾਰੇ ਚਰਚਾ ਕਰੋ ।
**(ੲ)** ਮੇਰੇ ਵੱਡੇ ਵਡੇਰੇ ਲੇਖ ਦਾ ਵਿਸ਼ਾ ਲਿਖੋ ।
**(ਸ)** ਪ੍ਰਾਰਥਨਾ ਲੇਖ ਬਾਰੇ ਚਰਚਾ ਕਰੋ ।

**(14) ਕਹਾਣੀ ਤੇ ਵਾਰਤਕ ਵਿੱਚੋਂ (ਕੋਈ ਪੰਜ ਕਰੋ) :-** (5x1=5)

**(ੳ)** ਸੋ ਕਿਉ ਮੰਦਾ ਆਖੀਐ ਕਿਸ ਦੀ ਕਵਿਤਾ ਹੈ ?
(1) ਭਾਈ ਗੁਰਦਾਸ (2) ਸ੍ਰੀ ਗੁਰੂ ਨਾਨਕ ਦੇਵ (3) ਗੁਰੂ ਤੇਗ ਬਹਾਦਰ
**(ਅ)** ਅਸਦ ਖ਼ਾਨ ਕਿਸ ਦਾ ਪਾਤਰ ਹੈ ?
(1) ਜਫ਼ਰਨਾਮਾਂ ਇੰਕਾਗੀ ਦਾ (2) ਕਹਾਣੀ ਅੰਗ ਸੰਗ (3) ਬੋਲੀ ਲੇਖ
**(ੲ)** ਪੈਸੇ ਦੀ ਤੰਗੀ ਕਿਹੜੀ ਤੰਗੀ ਤੋਂ ਭੈੜੀ ਹੈ?
(1) ਮਕਾਨ ਦੀ (2) ਹਵਾਲਾਤ ਦੀ (3) ਭੁੱਖ ਦੀ
**(ਸ)** ਜਫ਼ਰਨਾਮਾ ਤੋਂ ਭਾਵ ਹੈ ?
(1) ਖ਼ਤ (2) ਜਿੱਤਣਾ - ਹਾਰਨਾ (3) ਜਿੱਤ ਦਾ ਖ਼ਤ
**(ਹ)** ਕੁਲਫ਼ੀ ਕਹਾਣੀ ਦੀ ਘਟਨਾ ਕਿਹੜੇ ਮਹੀਨੇ ਵਾਪਰੀ ਦੀ ਹੈ ।
(1) ਜੂਨ (2) ਜਨਵਰੀ (3) ਮਾਰਚ

**(15)** ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ । (4x1=4)

**ਜਾਂ**

ਜਫ਼ਰਨਾਮਾ ਇੱਕਾਗੀ ਬਾਰੇ ਚਰਚਾ (ਸ਼ਾਰ) ਲਿਖੋ ।

**ਜਾਂ**

ਜਫ਼ਰਨਾਮਾ ਇੱਕਾਗੀ ਬਾਰੇ ਦੱਸਦੇ ਹੋਏ ਔਰੰਗਜੇਬ ਦਾ ਪਾਤਰ - ਚਿਤੱਰਣ ਕਰੋ ।